# ਨਦੀਨ ਨਾਸ਼ਕ-ਸਹਿਣਸ਼ੀਲ ਗੈਰ-ਜੀ ਐਮ ਕਿਸਮਾਂ ਪੂਸਾ ਬਾਸਮਤੀ 1979, ਪੂਸਾ ਬਾਸਮਤੀ 1985 ਸਿੱਧੀ ਬਿਜਾਈ ਲਈ ਢੁੱਕਵੀਆਂ

ਉੱਤਰ ਭਾਰਤ ਦੇ ਕਿਸਾਨ ਹੁਣ ਗੈਰ-ਆਨੁਵੰਸ਼ਿਕ ਤੌਰ 'ਤੇ ਸੋਧੀਆਂ ਗਈਆਂ (ਜੀ ਐਮ) ਬਾਸਮਤੀ ਦੀਆਂ ਦੋ ਕਿਸਮਾਂ ਦੀ ਕਾਸ਼ਤ ਕਰ ਸਕਦੇ ਹਨ — ਪੂਸਾ ਬਾਸਮਤੀ 1979 ਅਤੇ ਪੂਸਾ ਬਾਸਮਤੀ 1985 — ਜਿਹੜੀਆਂ ਕਿ ਨਦੀਨ ਨਾਸ਼ਕਾਂ ਦੀ ਵਰਤੋਂ ਪ੍ਰਤੀ ਸਹਿਣਸ਼ੀਲ ਹਨ। ਖੇਤੀਬਾੜੀ ਵਿਗਿਆਨੀ ਸੁਝਾਅ ਦਿੰਦੇ ਹਨ ਕਿ ਦੋਵੇਂ ਕਿਸਮਾਂ ਸਿੱਧੀ ਬਿਜਾਈ ਲਈ ਵੀ ਢੁੱਕਵੀਆਂ ਹਨ, ਜਿਸ ਨਾਲ ਪਾਣੀ ਅਤੇ ਮਜ਼ਦੂਰੀ ਦੀ ਬੱਚਤ ਹੁੰਦੀ ਹੈ।

ਇਹ ਕਿਸਮਾਂ ਭਾਰਤੀ ਖੇਤੀ ਖੋਜ ਸੰਸਥਾਨ (ਆਈ ਏ ਆਰ ਆਈ ਜਾਂ ਪੂਸਾ), ਨਵੀਂ ਦਿੱਲੀ ਨੇ ਵਿਕਸਤ ਕੀਤੀਆਂ ਹਨ। ਪੂਸਾ ਬਾਸਮਤੀ 1979 ਅਤੇ ਪੂਸਾ ਬਾਸਮਤੀ 1985 ਵਿੱਚ ਇੱਕ ਪਰਿਵਰਤਿਤ ਐਸੀਟੋਲੈਕਟੇਟ ਸਿੰਥੇਜ਼ (ਏ ਐਲ ਐਸ) ਜੀਨ ਹੁੰਦਾ ਹੈ ਜਿਸ ਨਾਲ ਕਿਸਾਨਾਂ ਲਈ ਨਦੀਨਾਂ ਨੂੰ ਕਾਬੂ ਕਰਨ ਵਾਸਤੇ ਇਮਾਜ਼ੇਥਾਪਾਇਰ, ਇੱਕ ਵਿਆਪਕ-ਸਪੈਕਟ੍ਰਮ ਨਦੀਨ ਨਾਸ਼ਕ, ਦਾ ਛਿੜਕਾਅ ਕਰਨਾ ਸੰਭਵ ਹੁੰਦਾ ਹੈ।

ਭਾਰਤ ਸਰਕਾਰ ਦੀ ਫ਼ਸਲ ਮਾਣਕ, ਅਧਿਸੂਚਨਾ ਅਤੇ ਜਾਰੀ ਕਰਤਾ ਕੇਂਦਰੀ ਸਬ-ਕਮੇਟੀ ਨੇ ਪੂਸਾ ਬਾਸਮਤੀ 1979 ਅਤੇ ਪੂਸਾ ਬਾਸਮਤੀ 1985 ਨੂੰ ਕਾਸ਼ਤ ਲਈ ਨੋਟੀਫਾਈ ਕੀਤਾ ਸੀ। ਕਮੇਟੀ ਨੇ ਸਤੰਬਰ 2021 ਵਿੱਚ ਆਪਣੀ ਮੀਟਿੰਗ ਦੌਰਾਨ ਇਨ੍ਹਾਂ ਕਿਸਮਾਂ ਨੂੰ ਪ੍ਰਵਾਨਗੀ ਦਿੱਤੀ ਸੀ।

ਕਾਸ਼ਤ ਲਈ ਪੂਸਾ ਬਾਸਮਤੀ 1979 ਦੀ ਸਿਫ਼ਾਰਸ਼ ਦਿੱਲੀ, ਪੰਜਾਬ ਅਤੇ ਹਰਿਆਣਾ ਵਿੱਚ ਅਤੇ ਪੂਸਾ ਬਾਸਮਤੀ 1985 ਦੀ ਸਿਫ਼ਾਰਸ਼ ਦਿੱਲੀ, ਪੰਜਾਬ ਅਤੇ ਪੱਛਮੀ ਉੱਤਰ ਵਿੱਚ ਕੀਤੀ ਗਈ ਹੈ। ਆਈ ਏ ਆਰ ਆਈ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਦੋਵਾਂ ਨਦੀਨ ਨਾਸ਼ਕ-ਸਹਿਣਸ਼ੀਲ ਕਿਸਮਾਂ ਦੇ ਬੀਜ ਅਗਲੀ ਸਾਉਣੀ ਭਾਵ 2023 ਤੋਂ ਆਸਾਨੀ ਨਾਲ ਸੁਲੱਭ ਹੋਣਗੇ।

ਇਨ੍ਹਾਂ ਦੋਵਾਂ ਤੋਂ ਇਲਾਵਾ, ਆਈ ਏ ਆਰ ਆਈ ਦੀਆਂ ਤਿੰਨ ਹੋਰ ਬਾਸਮਤੀ ਦੀਆਂ ਕਿਸਮਾਂ ਸਤੰਬਰ 2021 ਵਿੱਚ ਕਾਸ਼ਤ ਲਈ ਨੋਟੀਫਾਈ ਕੀਤੀਆਂ ਗਈਆਂ ਸੀ। ਇਹ ਹਨ ਪੂਸਾ ਬਾਸਮਤੀ 1847, ਪੂਸਾ ਬਾਸਮਤੀ 1885 ਅਤੇ ਪੂਸਾ ਬਾਸਮਤੀ 1886।

ਕਾਸ਼ਤ ਲਈ ਪੂਸਾ ਬਾਸਮਤੀ 1847 ਦੀ ਸਿਫ਼ਾਰਸ਼ ਦਿੱਲੀ, ਪੰਜਾਬ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿੱਚ ਅਤੇ ਪੂਸਾ ਬਾਸਮਤੀ 1885 ਦੀ ਸਿਫ਼ਾਰਸ਼ ਦਿੱਲੀ, ਪੰਜਾਬ ਅਤੇ ਹਰਿਆਣਾ ਵਿੱਚ ਕੀਤੀ ਗਈ ਹੈ। ਹਰਿਆਣਾ ਅਤੇ ਉੱਤਰਾਖੰਡ ਵਿੱਚ ਕਾਸ਼ਤ ਲਈ ਪੂਸਾ ਬਾਸਮਤੀ 1886 ਦੀ ਸਿਫ਼ਾਰਸ਼ ਕੀਤੀ ਗਈ ਹੈ।